ਦਫਤਰ :- ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ, ਸਾਹਮਣੇ ਪੁਲਿਸ ਸਟੇਸ਼ਨ, ਇੰਡਸਟ੍ਰੀਅਲ ਏਰੀਆ ਫੇਸ-1, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)

E-mail Id: ee.pd.moh.pwd@punjab.gov.in, Tel. & Fax No. 0172-2226328

ਵੱਲ,

The Principal,
R Rudra International School,
E-Block, Aerocity,
SAS Nagar.

ਨੰਬਰ 8043 ਮਿਤੀ: 17-9-26

**ਵਿਸ਼ਾ:-** **ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

**ਹਵਾਲਾ:-** ਆਪ ਦਾ ਪੱਤਰ RRIS/OFF/098 ਮਿਤੀ 29.07.2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਇਸ ਮੰਡਲ ਅਧੀਨ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਐਸ.ਏ.ਐਸ ਨਗਰ ਵੱਲੋਂ ਪ੍ਰਾਪਤ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2027 ਤੱਕ ਨਾਲ ਨੱਥੀ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਨੱਥੀ/ਬਿਲਡਿੰਗ ਸੇਫਟੀ ਸਰਟੀਫਿਕੇਟ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ,ਲੋ.ਨਿ.ਵਿ. ਭ ਤੇ ਮ ਸ਼ਾਖਾ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਐਸ.ਏ.ਐਸ ਨਗਰ ਨੂੰ ਉਨ੍ਹਾਂ ਦੇ ਪੱਤਰ ਨੰ. 306 ਮਿਤੀ 10.09.2026 ਦੇ ਸਬੰਧ ਵਿੱਚ।
2. ਸੁਪਰਡੰਟ (ਸਮੇਤ ਡੀ.ਡੀ ਨੰ. 004451 ਮਿਤੀ 13.08.2026 ਬਾਬਤ ਰਕਮ 20,000/- ਰੁਪਏ)

ਨੱਥੀ/ਡੀ.ਡੀ. ਲੜੀ ਨੰ. 2 ਲਈ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

Scanned with OKEN Scanner

# BUILDING SAFETY CERTIFICATE

**Subject:** **Building Safety Certificate for R Rudra International School, E-Block, Aerocity, Mohali.**

**R Rudra International School, E-Block, Aerocity, Mohali** ਦੀ ਬਿਲਡਿੰਗ ਦਾ ਸਟੱਰਕਚਰ ਸਟੇਬਿਲਟੀ ਸਰਟੀਫਿਕੇਟ **Er. Amandeep Singh, M.Tech.(Structure), Chartered Engineer,** Base Design Structure Engineers & Project Managementconsultants 2nd floor, F-204, Phase 8B, Industrial area, Sector 74, SAS Nagar ਦੇ ਪੱਤਰ ਨੰ. BD/SD/2026/595 ਮਿਤੀ 16-07-2026 ਨੂੰ ਧਿਆਨ ਵਿੱਚ ਰੱਖਦੇ ਹੋਏ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2027 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ-

1 ਨਿਰੀਖਣ ਤੋਂ ਬਾਅਦ ਜੇਕਰ ਸਕੂਲ ਵੱਲੋਂ ਦਰਸਾਈ ਗਈ ਬਿਲਡਿੰਗ ਦੇ ਸਟਰਕੱਚਰ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇ।

2 ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਸਕੂਲ ਮੁੱਖੀ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਅਤੇ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।

3 ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਐਸ.ਏ.ਐਸ. ਨਗਰ ਵੱਲੋਂ ਉਨ੍ਹਾਂ ਦੇ ਨੰ. **PBIP-(Fire)2025/173** ਮਿਤੀ 21.08.2026 ਦੁਆਰਾ ਤਿੰਨ ਸਾਲ ਲਈ ਮਿਤੀ 20.08.2028 ਤੱਕ ਜਾਰੀ ਕੀਤਾ ਗਿਆ ਹੈ। ਫਾਇਰ ਸੇਫਟੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਸਕੂਲ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਉਪਰੰਤ ਸਬੰਧਤ ਦਫਤਰ ਤੋਂ renew ਕਰਵਾਉਣ ਉਪਰੰਤ ਸਰਟੀਫਿਕੇਟ ਦੀ ਕਾਪੀ ਇਸ ਦਫਤਰ ਨੂੰ ਸਮੇਂ ਸਿਰ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ।

4 ਉਕਤ ਕਿਸੇ ਵੀ ਹਾਲਤ ਵਿੱਚ ਜਾਂ ਹੋਰ ਕੋਈ ਕੁਦਰਤੀ/ਮਨੁੱਖੀ ਆਫਤਾਂ ਆਉਣ ਦੀ ਸੂਰਤ ਵਿੱਚ ਬਿਲਡਿੰਗ ਦੀ ਤਰੁੰਤ ਰੀ-ਇੰਸਪੈਕਸ਼ਨ ਕਰਾਉਣ ਦੀ ਨਿਰੋਲ ਜ਼ਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ।

5 ਜੇਕਰ ਸਕੂਲ ਵੱਲੋਂ ਸੇਫਟੀ ਨਾਲ ਸਬੰਧਤ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

6 ਰੋਡ ਅਸੈਸ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਭਵਿੱਖ ਵਿੱਚ ਜੋ ਵੀ ਫੈਸਲਾਂ ਕੀਤਾ ਜਾਵੇਗਾ, ਉਸ ਨੂੰ ਇਹ ਸੰਸਥਾ ਮੰਨਣ ਦੀ ਪਾਬੰਦ ਹੋਵੇਗੀ।

7 ਜੇਕਰ ਬਿਲਡਿੰਗ ਉੱਪਰ ਹੋਰ ਮੰਜ਼ਿਲ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਬਿਲਡਿੰਗ ਦੀਆਂ ਹੇਠਲੀਆਂ ਮੰਜ਼ਿਲਾਂ ਵਿੱਚ ਜਮਾਤਾਂ ਨਾ ਲਗਾਈਆਂ ਜਾਣ।

8 ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

9 ਇਹ ਸਰਟੀਫਿਕੇਟ ਕੇਵਲ **Visual Inspection** ਦੀ ਅਧਾਰ ਤੇ ਕੇਵਲ **Structural Safety** ਪੱਖੋਂ ਜਾਰੀ ਕੀਤਾ ਗਿਆ ਹੈ।

10 ਇਸ ਵਿੱਚ ਕੋਈ ਬਿਜਲੀ, ਮਸ਼ੀਨਰੀ, **Equipment** ਆਦਿ ਬਾਬਤ ਇਸ ਦਫਤਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

11 ਇਹ ਸਰਟੀਫਿਕੇਟ **Er. Amandeep Singh, M.Tech.(Structure), Chartered Engineer,** Base Design Structure Engineers & Project Managementconsultants 2nd floor, F-204, Phase 8B, Industrial area, Sector 74, SAS Nagar ਵੱਲੋਂ ਸਾਈਟ ਨਿਰੀਖਣ ਉਪਰੰਤ ਜਾਰੀ ਕੀਤੇ ਸਟਰਕੱਚਰ ਸੇਫਟੀ ਸਰਟੀਫਿਕੇਟ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਹਰ ਸਾਲ ਸਟਰਕੱਚਰ ਸਟੇਬੀਲਟੀ/ਸੇਫਟੀ ਸਰਟੀਫਿਕੇਟ **qualified/registered** ਸਟੱਰਕਚਰਲ ਡਿਜਾਈਨਰ ਤੋਂ ਨਿਰਖਣ ਕਰਵਾਉਣ ਉਪਰੰਤ ਸਰਟੀਫਿਕੇਟ ਇਸ ਦਫਤਰ ਨੂੰ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਜੇ ਕੋਈ ਵੀ ਕੁਦਰਤੀ ਆਫਤ (**earthquake**) ਆਉਂਦੀ ਹੈ ਤਾਂ ਸਕੂਲ ਤੁਰੰਤ ਸਟੱਰਕਚਰਲ ਡਿਜਾਈਨਰ ਤੋਂ ਨਿਰਖਣ ਕਰਵਾਉਣ ਉਪਰੰਤ **safety measures** ਲੈਂਦੇ ਹੋਏ ਸਰਟੀਫਿਕੇਟ ਇਸ ਦਫਤਰ ਨੂੰ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ।

12 ਇਸ ਸਕੂਲ ਬਿਲਡਿੰਗ ਵਿੱਚ ਇੱਕ ਬਲਾਕ (**Two Basements+GF+FF+SF+TF**) ਹੈ।

13 ਜੇਕਰ ਭਵਿੱਖ ਵਿੱਚ **inspection fee** ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਈ ਤਬਦੀਲੀ ਹੁੰਦੀ ਹੈ ਤਾਂ ਸਕੂਲ ਉਸ ਅਨੁਸਾਰ ਬਣਦੀ ਫੀਸ ਇਸ ਦਫਤਰ ਵਿੱਚ ਪਾਬੰਦ ਹੋਵੇਗਾ।

14 ਜਰੂਰਤ ਅਨੁਸਾਰ ਨਕਸ਼ੇ ਦੀ ਸਮੇਂ-ਸਮੇਂ ਸਿਰ ਸਬੰਧਤ ਵਿਭਾਗ ਤੋਂ ਪਾਸ ਕਰਵਾਉਣ ਦੀ ਨਿਰੋਲ ਜਿੰਮੇਵਾਰੀ ਪ੍ਰਬੰਧਕ/ਸਕੂਲ ਪ੍ਰਿੰਸੀਪਲ/ਸਕੂਲ ਮੁੱਖੀ ਦੀ ਹੋਵੇਗੀ।

15 ਜੇਕਰ ਉਪਰ ਦਰਸਾਈਆਂ ਸ਼ਰਤਾਂ ਦੀ ਉਲਘੰਗਣਾ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਸੇਫਟੀ ਸਰਟੀਫਿਕੇਟ ਤਤਕਾਲ ਸਮੇਂ ਤੋਂ ਰੱਦ ਸਮਝਿਆ ਜਾਵੇਗਾ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ,
ਐਸ.ਏ.ਐਸ. ਨਗਰ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ,
ਐਸ.ਏ.ਐਸ. ਨਗਰ।

Scanned with OKEN Scanner